# ਢਹਿ ਗਏ ਸਿੱਖਾਂ ਦੇ ਘਰਾਂ ਦਾ ਸਰਵੇਖਣ ਕਰਦੀ ਸ਼੍ਰੋਮਣੀ ਕਮੇਟੀ ਦੀ ਟੀਮ



ਜੰਮੂ-ਕਸ਼ਮੀਰ ਸੂਬੇ ਵਿੱਚ ਹੜ੍ਹਾਂ ਕਾਰਨ ਵਧੇਰੇ ਮਾਲੀ ਨੁਕਸਾਨ ਹੋਇਆ ਹੈ। ਰਿਹਾਇਸ਼ੀ ਖੇਤਰ ਦੇ ਨੁਕਸਾਨ ਵਿੱਚ ਸਿੱਖ ਭਾਈਚਾਰੇ ਦੇ ਲਗਭਗ ੧੨੦ ਘਰ ਨੁਕਸਾਨੇ ਗਏ ਹਨ, ਜਿਨ੍ਹਾਂ ਵਿੱਚੋਂ ੫੦ ਫ਼ੀਸਦੀ ਘਰਾਂ ਦੀਆਂ ਇਮਾਰਤਾਂ ਪੂਰੀ ਤਰ੍ਹਾਂ ਢਹਿ-ਢੇਰੀ ਹੋ ਗਈਆਂ ਹਨ। ਇਸ ਕਾਰਨ ਲੋਕ ਬੇਘਰ ਹੋ ਗਏ ਹਨ। ਇਸ ਤੋਂ ਇਲਾਵਾ ਸੜਕਾਂ, ਬਿਜਲੀ, ਪਾਣੀ, ਬਾਗਬਾਨੀ ਅਤੇ ਖੇਤੀਬਾੜੀ ਦਾ ਭਾਰੀ ਨੁਕਸਾਨ ਹੋਇਆ ਹੈ।

## ਨੁਕਸਾਨ ਦੇ ਜਾਇਜ਼ੇ ਲਈ ਸਰਵੇਖਣ

ਰਿਹਾਇਸ਼ੀ ਖੇਤਰਾਂ ਵਿੱਚ ਵਧੇਰੇ ਨੁਕਸਾਨ ਜਵਾਹਰ ਨਗਰ, ਰਾਜ ਬਾਗ, ਬਾਲ ਗਾਰਡਨ, ਗੋਗਜੀ ਬਾਗ, ਅਲੂਚਾਬਾਗ, ਮਹਿਜੂਰ ਨਗਰ, ਮਗਰਮਲ ਬਾਗ, ਬਿਮਨਾ ਤੇ ਸੁਥਰਾਸ਼ਾਹੀ ਆਦਿ ਇਲਾਕਿਆਂ ਵਿੱਚ ਹੋਇਆ ਹੈ। ਇਨ੍ਹਾਂ ਇਲਾਕਿਆਂ ਵਿੱਚ ਹੀ ਵਧੇਰੇ ਸਿੱਖ ਵਸੋਂ ਵੀ ਹੈ। ਸ੍ਰੀਨਗਰ ਦੀ ਕੁਲ ੨੦ ਲੱਖ ਦੀ ਆਬਾਦੀ ਵਿਚ ਸਿੱਖ ਪਰਿਵਾਰਾਂ ਦੀ ਗਿਣਤੀ ਚਾਰ ਹਜ਼ਾਰ ਹੈ।

ਵੇਰਵਿਆਂ ਮੁਤਾਬਿਕ ਵਧੇਰੇ ਇਮਾਰਤਾਂ ਜਵਾਹਰ ਨਗਰ ਇਲਾਕੇ ਵਿੱਚ ਡਿੱਗੀਆਂ ਹਨ। ਇਸ ਇਲਾਕੇ ਵਿੱਚ ਵਧੇਰੇ ਇਮਾਰਤਾਂ ਪੰਜ-ਛੇ ਦਹਾਕੇ ਪਹਿਲਾਂ ਦੀਆਂ ਬਣੀਆਂ ਹੋਈਆਂ ਹਨ। ਉਸ ਵੇਲੇ ਇਮਾਰਤ ਉਸਾਰੀ ਦਾ ਢੰਗ ਤਰੀਕਾ ਵੱਖਰਾ ਸੀ। ਕੁਝ ਬਜ਼ੁਰਗ ਵਿਅਕਤੀਆਂ ਨੇ ਦੱਸਿਆ ਕਿ ਪਹਿਲਾਂ ਘਰ ਦੀ ਬਾਹਰੀ ਦੀਵਾਰ ਹੀ ਸਿਰਫ਼ ਪੱਕੀ ਇੱਟ ਨਾਲ ਬਣਾਈ ਜਾਂਦੀ ਸੀ। ਅੰਦਰੂਨੀ ਹਿੱਸੇ ਵਿਚ ਚਿਨਾਈ ਲਈ ਗਾਰੇ ਅਤੇ ਮਿੱਟੀ ਦੀ ਵਰਤੋਂ ਕੀਤੀ ਜਾਂਦੀ ਸੀ। ਕੁਝ ਹਿੱਸਿਆਂ ਵਿਚ ਲੱਕੜ ਦੀ ਵਰਤੋਂ ਕੀਤੀ ਜਾਂਦੀ ਸੀ। ਹੁਣ ਜਦੋਂ ਹੜ੍ਹ



ਆਏ ਤਾਂ ਪਾਣੀ ਦਾ ਘੱਟੋ-ਘੱਟ ਪੱਧਰ ੧੦ ਫੁਟ ਤੋਂ ਵਧੇਰੇ ਸੀ। ਉਂਜ ਵੀ ਪਾਣੀ ਦਾ ਵਹਾਅ ਤੇਜ਼ ਸੀ, ਜਿਸ ਨਾਲ ਮਿੱਟੀ ਵਾਲੀਆਂ ਨੀਹਾਂ ਅਤੇ ਕੰਧਾਂ ਡਿੱਗ ਪਈਆਂ ਅਤੇ ਥੋੜ੍ਹੀ ਹੀ ਦੇਰ ਵਿਚ ਸਮੁੱਚੀਆਂ ਇਮਾਰਤਾਂ ਮਲਬੇ ਦਾ ਢੇਰ ਬਣ ਗਈਆਂ। ਜਿਨ੍ਹਾਂ ਘਰਾਂ ਦੀਆਂ ਇਮਾਰਤਾਂ ਬਚ ਗਈਆਂ ਹਨ, ਉਨ੍ਹਾਂ ਦੀਆਂ ਹੇਠਲੀਆਂ ਮੰਜ਼ਿਲਾਂ ਉਪਰ ਪਿਆ ਸਾਰਾ ਕੀਮਤੀ ਸਾਮਾਨ ਤਬਾਹ ਹੋ ਗਿਆ ਹੈ। ਇਹ ਲੋਕ ਵੀ ਖਾਲੀ ਹੱਥ ਜਾਨ ਬਚਾ ਕੇ ਨਿਕਲੇ ਹਨ। ਇਸੇ ਤਰ੍ਹਾਂ ਵਪਾਰਕ ਖੇਤਰ ਵਿਚ ਤਾਂ ਹੋਰ ਵੀ ਵਧੇਰੇ ਨੁਕਸਾਨ ਹੋਇਆ ਹੈ। ਕੋਈ ਵੀ ਦੁਕਾਨ ਜਾਂ ਸ਼ੋਅ ਰੂਮ ਅਜਿਹਾ ਨਹੀਂ ਹੈ, ਜਿਸ ਨੂੰ ਹੜ੍ਹ ਨੇ ਪ੍ਰਭਾਵਿਤ ਨਾ ਕੀਤਾ ਹੋਵੇ। ਇਹ ਨੁਕਸਾਨ ਅਰਬਾਂ ਰੁਪਇਆਂ ਵਿੱਚ ਹੈ। ਹਰ ਇਕ ਪ੍ਰਭਾਵਤ ਵਿਅਕਤੀ ਆਪਣੇ ਢੰਗ ਨਾਲ ਨੁਕਸਾਨ ਦਾ ਅਨੁਮਾਨ ਲਾ ਰਿਹਾ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਆਬਾਦੀ ਵਿੱਚ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਟੀਮ ਨੇ ਇਸ ਸਬੰਧ ਵਿੱਚ ਸਰਵੇਖਣ ਕੀਤਾ ਹੈ। ਕਮੇਟੀ ਦੇ ਤਰਜਮਾਨ ਸ. ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਕਸ਼ਮੀਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਹੋਏ ਨੁਕਸਾਨ ਦਾ ਸਰਵੇਖਣ ਟੀਮ ਵੱਲੋਂ ਮੁਕੰਮਲ ਕਰ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਰਿਪੋਰਟ ਸੌਂਪ ਦਿੱਤੀ ਜਾਵੇਗੀ। ਇਸ ਟੀਮ ਵਿੱਚ ਸ. ਬੇਦੀ ਦੇ ਨਾਲ ਸ. ਰਜਿੰਦਰ ਸਿੰਘ ਮਹਿਤਾ, ਸ. ਕਰਨੈਲ ਸਿੰਘ ਪੰਜੋਲੀ ਤੇ ਸ. ਨਿਰਮੈਲ ਸਿੰਘ ਜੌਲਾਂ ਅੰਤਿੰਗ ਮੈਂਬਰ, ਸ. ਅਵਤਾਰ ਸਿੰਘ ਸਕੱਤਰ, ਸ. ਸੁਖਜਿੰਦਰ ਸਿੰਘ ਤੇ ਸ. ਗੁਰਜਿੰਦਰ ਸਿੰਘ ਜੇ.ਈ., ਸ. ਐਚ.ਐਸ. ਲਵਲੀ ਐਸ ਤੇ ਸ. ਸੁਰਿੰਦਰ ਸਿੰਘ ਸੋਢੀ ਐਸ.ਡੀ.ਓ ਸ੍ਰੀਨਗਰ ਸ਼ਾਮਲ ਹਨ।

ਸ. ਕਰਨੈਲ ਸਿੰਘ ਪੰਜੋਲੀ ਨੇ ਆਖਿਆ ਕਿ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਸਿੱਖਾਂ ਦੀ ਮਦਦ ਲਈ ਵਿਸ਼ੇਸ਼ ਆਰਥਿਕ ਮਦਦ ਲੈਣ ਵਾਸਤੇ ਸ਼੍ਰੋਮਣੀ ਕਮੇਟੀ ਜਲਦੀ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰੇਗੀ। ਇਸ ਦੌਰਾਨ ਬੀਤੀ ਰਾਤ ਤੋਂ ਸ਼ੁਰੂ ਹੋਈ ਬਾਰਸ਼ ਕਾਰਨ ਮਕਾਨਾਂ ਦੀ ਮੁਰੰਮਤ ਅਤੇ ਸਾਂਭ ਸੰਭਾਲ ਦਾ ਕੰਮ ਠੱਪ ਰਿਹਾ। ਖ਼ਦਸ਼ਾ ਹੈ ਕਿ ਮੀਂਹ ਨਾਲ ਹੋਰ ਨੁਕਸਾਨ ਹੋ ਸਕਦਾ ਹੈ ਕਿਉਂਕਿ ਬਹੁਤ ਸਾਰੇ ਮਕਾਨ ਬੜੀ ਮਾੜੀ ਹਾਲਤ ਵਿਚ ਹਨ। ਸ਼੍ਰੋਮਣੀ ਕਮੇਟੀ ਦੀ ਟੀਮ ਦੇ ਸਰਵੇਖਣ ਮੁਤਾਬਿਕ ਜਵਾਹਰ ਨਗਰ 'ਚ ੪੯ ਘਰਾਂ ਦਾ, ਤੁਲਸੀ ਬਾਗ ਦੇ ੪, ਸੁਥਰਾਸ਼ਾਹੀ ਦੇ ੧੪, ਬਾਲ ਗਾਰਡਨ ਦੇ ੧੦, ਅਲੂਚਾ ਬਾਗ ਦੇ ੧੫, ਬਿਬਨਾ ੧, ਗੋਗਜੀ ਬਾਗ ੬, ਮਗਰਮਲ ਬਾਗ ੩, ਮਹਿਜੂਰ ਨਗਰ ਵਿੱਚ ੯ ਇਮਾਰਤਾਂ ਦਾ ਨੁਕਸਾਨ ਹੋਇਆ ਹੈ। ਗੁਰਦੁਆਰਾ ਸ਼ਹੀਦ ਬੁੰਗਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਾਤਾਰ ਰਾਹਤ ਕਾਰਜ ਜਾਰੀ ਹਨ ਅਤੇ ਪਹਿਲਾਂ ਵਾਂਗ ਲੰਗਰ ਦਾ ਪ੍ਰਵਾਹ ਨਿਰੰਤਰ ਚਲ ਰਿਹਾ ਹੈ।

ਰਿਪੋਰਟ- ਜਗਤਾਰ ਸਿੰਘ ਲਾਂਬਾ, ਰੋਜ਼ਾਨਾ ਪੰਜਾਬੀ ਟ੍ਰਿਬਿਊਨ (੯ ਅਕਤੂਬਰ ੨੦੧੪)




PEPSI



















ਜਥੇਦਾਰ ਅਵਤਾਰ ਸਿੰਘ ਹੜ੍ਹ ਪੀੜਤਾਂ ਦੀ ਮਦਦ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ।






RELIEF MATERIAL
For
J&K FLOOD VICTIMS
RELIEF MATERIAL
For
PTC
ANI
PTC NEWS
PTC NEWS
PTC NEWS




ਹੜ੍ਹ ਪੀੜਤਾਂ ਦੀ ਸਹਾਇਤਾ ਲਈ ਮੈਡੀਕਲ ਟੀਮ ਰਵਾਨਾ ਕਰਦੇ ਹੋਏ
ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।











# ਹੜ੍ਹ ਪੀੜਤਾਂ ਦੀ ਸਹਾਇਤਾ ਲਈ ਦਿੱਤੀਆਂ ਮੈਡੀਕਲ ਸੇਵਾਵਾਂ











ਸਤਿਗੁਰ ਕੀ ਸੇਵਾ ਸਫਲੁ ਹੈ
ਜੇ ਕੋ ਕਰੇ ਚਿਤੁ ਲਾਇ॥
ਮਨਿ ਚਿੰਦਿਆ ਫਲੁ ਪਾਵਣਾ
ਹਉਮੈ ਵਿਚਹੁ ਜਾਇ॥
ATTA




Puron
KINLEY
Bisleri



